ਦਫ਼ਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਜਲੰਧਰ
ਮਿਸ਼ਨ ਕੰਪਾਊਂਡ, ਜਲੰਧਰ
ਟੈਲੀਫੋਨ ਨੰ. 0181-2402078 ਈ-ਮੇਲ ਆਈ ਡੀ deosejalandhar@punjabeducation.gov.in

ਵੱਲ

ਸਮੂਹ ਪ੍ਰਿੰਸੀਪਲ/ਮੁਖਅਧਿਆਪਕ,
ਸਸਸਸ/ਸਹਸ/ਏਡਿਡ/ਅਣਏਡਿਡ/ਮਾਨਤਾ ਪ੍ਰਾਪਤ/ਪ੍ਰਾਈਵੇਟ ਸਕੂਲ,
ਜਿਲ੍ਹਾ ਜਲੰਧਰ

ਮੀਮੋ ਨੰ. ਲੇਖਾ -3(ਸਪੋਰਟਸ ਫੰਡ)/2020- 90310
ਮਿਤੀ ਜਲੰਧਰ : 16-3-2020

ਵਿਸ਼ਾ :- ਸਪੋਰਟਸ ਫੰਡ ਇੱਕਠਾ ਕਰਨ ਸਬੰਧੀ।

ਹਵਾਲਾ :- ਡਾਇਰੈਕਟਰ ਸਿੱਖਿਆ ਵਿਭਗ ਦੇ ਮੀਮੋ ਨੰ.12/2-2015 ਸਪੋਰਟਸ ਕਮੇਟੀ ਮਿਤੀ 9.3.2020 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਪੋਰਟਸ ਪਾਲਿਸੀ ਮਿਤੀ 12.6.18 ਦੇ ਪੰਨਾ ਨੰ 10 ਦੇ ਨੁਕਤਾ ਨੰ. 6.1 ਅਨੁਸਾਰ ਸਪੋਰਟਸ ਫੰਡ ਪ੍ਰਤੀ ਵਿਦਿਆਰਥੀ 11 ਤੋਂ 12ਵੀਂ ਜਮਾਤਾਂ ਲਈ 20/-ਰੁਪਏ ਪ੍ਰਤੀ ਮਹੀਨਾ ਅਤੇ 9ਵੀਂ ਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਤੋਂ 15/-ਰੁਪਏ ਪ੍ਰਤੀ ਮਹੀਨਾ ਵਸੂਲਿਆ ਜਾਵੇਗਾ ਅਤੇ ਨੁਕਤਾ ਨੰ. 6.2 ਅਨੁਸਾਰ ਹਰੇਕ ਸਕੂਲ ਵਲੋਂ ਨਵੀਆਂ ਦਰਾਂ ਅਨੁਸਾਰ ਇੱਕਤਰ ਕੀਤੇ ਗਏ ਸਪੋਰਟਸ ਫੰਡ ਦਾ 85% ਹਿੱਸਾ ਇਸ ਦਫਤਰ ਵਿਖੇ ਜਮ੍ਹਾ ਕਰਵਾਇਆ ਜਾਣਾ ਹੈ।ਇਸ ਸਬੰਧੀ ਆਪ ਨੂੰ ਇਸ ਦਫਤਰ ਦੇ ਪਿੱਠਅੰਕਣ ਨੰ. ਏ.ਈ.ਓ. ਸਪੋਰਟਸ/2018-7027 ਮਿਤੀ 22.6.18 ਰਾਹੀਂ ਪਹਿਲਾਂ ਵੀ ਸੂਚਿਤ ਕਰਦੇ ਹੋਏ ਕਾਰਵਾਈ ਕਰਨ ਲਈ ਲਿਖਿਆ ਗਿਆ ਸੀ। ਹੁਣ ਇਸ ਸਬੰਧ ਵਿੱਚ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਸਾਲ 2018-19 ਦਾ ਮਿਤੀ 1.7.18 ਤੋਂ 31.3.19 ਤੱਕ ਸਪੋਰਟਸ ਫੰਡ ਦਾ ਬਣਦਾ ਬਕਾਇਆ ਇਸ ਦਫਤਰ ਵਿਖੇ ਜਮ੍ਹਾਂ ਕਰਵਾਉਣ ਲਈ ਸੂਚਨਾ ਤਿਆਰ ਕਰ ਲਈ ਜਾਵੇ ਅਤੇ ਸਾਲ 2018-19 ਦਾ ਬਣਦਾ ਬਕਾਇਆ ਵਿੱਤੀ ਸਾਲ 2019-20 ਦੇ ਜਮਾ ਕਰਵਾਏ ਜਾਣ ਵਾਲੇ ਫੰਡ ਦੇ ਨਾਲ ਮਹੀਨਾ ਅਪ੍ਰੈਲ 2020 ਵਿੱਚ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਨਾਲ ਨੱਥੀ : ਸਪੋਰਟਸ ਪਾਲਿਸੀ 2018

13/3/2020

ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਜਲੰਧਰ

13/3/2020

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।

(ਸਪੋਰਟਸ ਸ਼ਾਖਾ)

2951
12/6/18

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ: ਅਤੇ ਐ.ਸਿ.)

ਮੀਮੋ ਨੰ:10/13-2017 ਸਪੋਰਟਸ
ਮਿਤੀ,ਐਸ.ਏ.ਐਸ.ਨਗਰ :- 12/06/2018

ਵਿਸ਼ਾ:- ਸਕੂਲ ਸਿੱਖਿਆ ਵਿਭਾਗ ਦੀ ਖੇਡ ਨੀਤੀ -2018 ਦੇ ਸਬੰਧ ਵਿੱਚ।

ਵਿਭਾਗ ਵੱਲੋਂ ਗਹੁ-ਪੂਰਵਕ ਵਿਚਾਰ ਕਰਨ ਉਪਰੰਤ ਸਕੂਲ ਸਿੱਖਿਆ ਵਿਭਾਗ ਦੀ ਖੇਡ ਨੀਤੀ 2018 ਤਿਆਰ ਕੀਤੀ ਗਈ ਹੈ, ਜੋ ਕਿ ਵਿਭਾਗ ਦੇ ਵੈੱਬ ਸਾਈਟ www.s s apunjab.org ਤੇ ਅਪਲੋਡ ਕਰ ਦਿੱਤੀ ਗਈ ਹੈ। ਭਵਿੱਖ ਵਿੱਚ ਪੰਜਾਬ ਰਾਜ ਦੇ ਸਕੂਲਾਂ ਦੀ ਖੇਡ ਗਤੀ-ਵਿਧੀਆਂ ਇਸ ਨੀਤੀ ਅਨੁਸਾਰ ਹੀ ਕਰਨ ਬਾਰੇ ਯਕੀਨੀ ਬਣਾਇਆ ਜਾਵੇ। ਇਹ ਨੀਤੀ ਸਰਕਾਰ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਐਲੀ.ਸਿ:) ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ.ਸ.) ਜਲੰਧਰ।
(ਸਪੋਰਟਸ ਸ਼ਾਖਾ)
ਪਿੱਠ ਅੰਕਣ ਨੰ: ਡੀ.ਈ.ਓ. ਸਪੋਰਟਸ/2018—7027
ਮਿਤੀ ਜਲੰਧਰ: 22-6-18

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ ਸ.ਸ.ਸ.ਸ/ਸ.ਹ.ਸ/ ਸ.ਮਿ.ਸ./ਏਡਿਡ ਸਕੂਲ/ਪ੍ਰਾਈਵੇਟ ਸਕੂਲਜ਼ ਜ਼ਿਲ੍ਹਾ ਜਲੰਧਰ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਇਸ ਲਈ ਭੇਜਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਵਿੱਚ ਦਰਜ ਵੈੱਬ ਸਾਈਟ ਤੋਂ ਖੇਡ ਨੀਤੀ ਡਾਊਨ ਲੋਡ ਕਰ ਲਈ ਜਾਵੇ ਤੇ ਇਸ ਸੈਸ਼ਨ ਤੋਂ ਹੀ ਇਸ ਨੀਤੀ ਤੇ ਅਮਲ ਕਰਨਾ ਯਕੀਨੀ ਬਣਾਇਆ ਜਾਵੇ।

13/06/2018
ਡੀ.ਈ.ਓ. (ਸਪੋਰਟਸ)

21-6-18
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ

Scanned by CamScanner

# ਸਕੂਲ ਸਿੱਖਿਆ ਵਿਭਾਗ ਖੇਡ ਨੀਤੀ-2018

## ਜਾਣ ਪਹਿਚਾਣ

ਪੰਜਾਬ ਦੇ ਸਕੂਲਾਂ ਦੇ ਵਿਦਿਆਰਥੀਆਂ ਨੂੰ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਦੇ ਨਾਲ-ਨਾਲ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਇਸ ਮਕਸਦ ਨੂੰ ਮੁੱਖ ਰੱਖਦਿਆਂ ਸਕੂਲ ਸਿੱਖਿਆ ਵਿਭਾਗ ਵੱਲੋਂ ਬੱਚਿਆਂ ਨੂੰ ਪੜ੍ਹਾਈ ਅਤੇ ਵਿਰਾਸਤੀ ਖੇਡਾਂ ਨਾਲ ਜੋੜਦਿਆਂ ਸਕੂਲਾਂ ਅੰਦਰ 'ਖੇਡੋ ਪੰਜਾਬ' ਮੁਹਿੰਮ ਨੂੰ ਸ਼ੁਰੂ ਕੀਤਾ ਗਿਆ ਹੈ। ਖੇਡਾਂ ਬੱਚੇ ਅੰਦਰ ਜਿੱਥੇ ਸਰੀਰਕ, ਮਾਨਸਿਕ ਵਿਕਾਸ ਅਤੇ ਵਾਧਾ ਕਰਦੀਆਂ ਹਨ, ਉੱਥੇ ਬੱਚੇ ਦੇ ਬੌਧਿਕ ਵਿਕਾਸ ਅਤੇ ਵਾਧੇ ਲਈ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਖੇਡਾਂ ਦੁਆਰਾ ਹੀ ਬੱਚਿਆਂ ਦੀ ਵਾਧੂ ਊਰਜਾ ਦੀ ਸਹੀ ਵਰਤੋਂ ਕਰਕੇ, ਉਨ੍ਹਾਂ ਨੂੰ ਸੂਝਵਾਨ ਇਨਸਾਨ ਬਣਾਇਆ ਜਾ ਸਕਦਾ ਹੈ। ਸੋ ਵਿਦਿਆਰਥੀਆਂ ਨੂੰ ਖੇਡ ਸਰਗਰਮੀਆਂ ਰਾਹੀਂ ਸਮਾਜਿਕ ਕਦਰਾਂ-ਕੀਮਤਾਂ ਨਾਲ ਜੋੜਨਾ, ਸਰੀਰਕ ਵਿਕਾਸ, ਮਾਨਸਿਕ ਵਿਕਾਸ ਕਰਨਾ ਅਤੇ ਦੇਸ਼ ਨੂੰ ਤੰਦਰੁਸਤ ਨੌਜਵਾਨ ਪੀੜ੍ਹੀ ਪ੍ਰਦਾਨ ਕਰਨਾ ਹੈ।ਸਕੂਲਾਂ ਵਿੱਚ ਠੋਸ ਖੇਡ ਢਾਂਚੇ ਦੀ ਜ਼ਰੂਰਤ ਨੂੰ ਮਹਿਸੂਸ ਕਰਦਿਆਂ ਇਸ ਅਨੁਸਾਰ ਕੰਮ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

## 1.0 ਉਦੇਸ਼

'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਹਰੇਕ ਬੱਚੇ ਅੰਦਰ ਸਿੱਖਣ ਦੇ ਪੱਧਰ ਨੂੰ ਉੱਚਾ ਚੁੱਕਣਾ ਇਸਦਾ ਉਦੇਸ਼ ਹੈ, ਉਥੇ 'ਖੇਡੋ ਪੰਜਾਬ' ਰਾਹੀਂ ਬੱਚਿਆਂ ਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਵਧੇਰੇ ਤੰਦਰੁਸਤ ਕਰਨਾ ਹੋਵੇਗਾ। ਪਿਛਲੇ ਸਮੇਂ ਦੌਰਾਨ ਸਕੂਲਾਂ ਲਈ ਕੋਈ ਖੇਡ ਨੀਤੀ ਨਹੀਂ ਸੀ। ਇਸ ਨੀਤੀ ਤਹਿਤ ਹਰ ਬੱਚਾ ਪੜ੍ਹਨ ਲਿਖਣ ਦੇ ਨਾਲ-ਨਾਲ ਖੇਡਾਂ ਨਾਲ ਮੁੱਢ ਤੋਂ ਜੁੜੇਗਾ ਜਿਸ ਨਾਲ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਤੋਂ ਦੂਰ ਹੋਵੇਗਾ।'ਖੇਡੋ ਪੰਜਾਬ' ਤਹਿਤ ਇਸ ਆਸ਼ੇ ਅਤੇ ਉਦੇਸ਼ ਤਹਿਤ ਕੰਮ ਕੀਤਾ ਜਾਵੇਗਾ:-

- ਸਕੂਲ ਪੱਧਰ 'ਤੇ ਹੀ ਬੱਚਿਆਂ ਨੂੰ ਖੇਡਾਂ ਨਾਲ ਜੋੜਦਿਆਂ ਚੰਗੇ ਖਿਡਾਰੀ ਪੈਦਾ ਕਰਨਾ।
- ਹਰੇਕ ਵਿਦਿਆਰਥੀ ਲਈ ਕਿਸੇ ਇੱਕ ਖੇਡ ਦੀ ਨਿਸ਼ਾਨਦੇਹੀ ਕਰਨਾ।
- ਵਿਦਿਆਰਥੀਆਂ ਨੂੰ ਸਰੀਰਕ ਸਿੱਖਿਆ ਮਾਹਰਾਂ ਰਾਹੀਂ ਸਿੱਖਿਅਤ ਕਰਨਾ।
- ਅਧਿਆਪਕਾਂ ਨੂੰ ਖੇਡ ਵਿਧੀਆਂ ਦੀ ਸਿਖਲਾਈ ਦੇਣਾ।
- ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ।
- ਖੇਡ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣਾ।
- ਮਨੋਰੰਜਨ ਕਿਰਿਆਵਾਂ/ਖੇਡਾਂ ਰਾਹੀਂ ਬੱਚਿਆਂ ਵਿੱਚ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨਾ।
- ਸਕੂਲ ਸਿੱਖਿਆ 'ਚ ਖੇਡ ਸਰਗਰਮੀਆਂ ਰਾਹੀਂ ਸਮਾਜਿਕ ਭਾਗੀਦਾਰੀ ਵਧਾਉਣੀ।
- ਖੇਡਾਂ 'ਚ ਨਿਯਮਬੱਧਤਾ ਤੇ ਪਾਰਦਰਸ਼ਤਾ ਲਿਆਉਣੀ।

## 2.0 ਸਵੇਰ ਦੀ ਸਭਾ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ

ਸਵੇਰ ਦੀ ਸਭਾ ਦੀ ਵਿਦਿਆਰਥੀ ਜੀਵਨ ਦੌਰਾਨ ਬਹੁਤ ਅਹਿਮੀਅਤ ਹੈ। ਜਿਸ ਦਾ ਸਹੀ ਉਪਯੋਗ ਕਰਕੇ ਵਿਦਿਆਰਥੀਆਂ ਨੂੰ ਹਰ-ਪੱਖੋਂ ਤੰਦਰੁਸਤੀ ਅਤੇ ਤਾਜ਼ਗੀ ਪ੍ਰਦਾਨਗੀ ਕਰਨ ਲਈ ਹੇਠ ਲਿਖੀਆਂ ਸਰਗਰਮੀਆਂ ਕਰਵਾਈਆਂ ਜਾਣ:-

2.1 ਪਹਿਲੀ ਘੰਟੀ ਵੱਜਣ ਉਪਰੰਤ ਬੱਚੇ ਅਤੇ ਜਮਾਤ ਇੰਚਾਰਜ ਆਪੋ-ਆਪਣੀਆਂ ਜਮਾਤਾਂ ਵਿੱਚ ਜਾਣਗੇ ਅਤੇ ਜਮਾਤ ਇੰਚਾਰਜ ਬੱਚਿਆਂ ਦੀ ਹਾਜ਼ਰੀ ਲਗਾਉਣਗੇ।

2.2 ਸਰੀਰਕ ਸਿੱਖਿਆ ਅਧਿਆਪਕ ਅਤੇ ਸਕੂਲ ਮੁੱਖੀ ਪਹਿਲੀ ਘੰਟੀ ਵੱਜਣ ਤੋਂ ਬਾਅਦ ਸਵੇਰ ਦੀ ਸਭਾ ਨਾਲ ਸਬੰਧਤ ਸਾਜੋ ਸਮਾਨ ਦਾ ਸੇਵਾਦਾਰ ਰਾਹੀਂ ਪ੍ਰਬੰਧ ਕਰਨਗੇ।

Scanned by CamScanner

ਸਕੂਲ ਮੁੱਖੀ ਮਹੀਨੇ ਵਿੱਚ ਘੱਟੋਂ-ਘੱਟ ਤਿੰਨ ਵਾਰ ਕਰਨਗੇ ਅਤੇ ਸਮੁੱਚੀ ਕਾਰਗੁਜ਼ਾਰੀ ਰਿਪੋਰਟ ਹਰ ਮਹੀਨੇ ਮੁੱਖ ਦਫ਼ਤਰ ਨੂੰ ਭੇਜਣਗੇ।

10.3 ਖੇਡ ਵਿਭਾਗ ਪੰਜਾਬ, ਸਪੋਰਟਸ ਅਥਾਰਿਟੀ ਆਫ ਇੰਡੀਆ ਤੇ ਹੋਰ ਖੇਡ ਸੰਸਥਾਵਾਂ ਦੇ ਕੋਚਾਂ ਦੀਆਂ ਸੇਵਾਵਾਂ ਲੈਣ ਲਈ ਵੱਖ-ਵੱਖ ਸਕੂਲਾਂ ਵਿੱਚ ਸੈਂਟਰ ਖੋਲ੍ਹੇ ਜਾਣ।

## 11.0 ਰਿਫਰੈਸ਼ਮੈਂਟ ਤੇ ਕਿਰਾਇਆ

11.1 ਖਿਡਾਰੀਆਂ ਨੂੰ ਇੱਕ ਮੈਚ/ਈਵੈਂਟ 'ਚ ਹਿੱਸਾ ਲੈਣ 'ਤੇ 20/- ਰੁਪਏ ਅਤੇ ਇੱਕ ਤੋਂ ਜਿਆਦਾ ਮੈਚ/ਈਵੈਂਟ ਲਈ 40 ਰੁਪਏ ਪ੍ਰਤੀ ਦਿਨ ਰਿਫਰੈਸ਼ਮੈਂਟ ਦਿੱਤੀ ਜਾਵੇਗੀ।

11.2 ਸਪੋਰਟਸ ਹੋਸਟਲ /ਨੈਸ਼ਨਲ ਪ੍ਰੀ ਕੋਚਿੰਗ ਕੈਂਪ/ਸਮਰ ਕੋਚਿੰਗ ਕੈਂਪ ਅਤੇ ਅੰਤਰ ਜਿਲ੍ਹਾ ਸਕੂਲ ਖੇਡਾਂ ਲਈ (ਅੰਡਰ-14,17,19, ਦੇ ਖਿਡਾਰੀਆਂ ਦਾ ਖੁਰਾਕੀ ਭੱਤਾ (ਡਾਈਟ ਮਨੀ) 125 ਰੁਪਏ ਤੋਂ ਵਧਾ ਕੇ 200 ਰੁਪਏ ਹੋਵੇਗੀ।

11.3 ਜੋਨਲ ਅਤੇ ਜਿਲ੍ਹਾ ਪੱਧਰ ਤੇ ਹੋਣ ਵਾਲੀਆਂ ਖੇਡਾਂ ਲਈ ਮਿਡਲ ਸਕੂਲਾਂ ਤੋਂ ਆਉਣ ਵਾਲੀਆਂ ਟੀਮਾਂ ਦਾ ਖਰਚਾ (ਖਿਡਾਰੀਆਂ ਲਈ ਰਿਫਰੈਸ਼ਮੈਂਟ ਅਤੇ ਆਉਣ/ਜਾਣ ਦਾ ਕਿਰਾਇਆ) ਜਿਲ੍ਹਾ ਸਪੋਰਟਸ ਫੰਡ ਵਿੱਚੋਂ ਅਦਾ ਕੀਤਾ ਜਾਵੇਗਾ। ਇਸ ਖਰਚੇ ਦਾ ਬਿੱਲ ਜੋਨਲ ਪੱਧਰ ਤੇ ਬਣਾਈਆਂ ਖੇਡ ਕਮੇਟੀਆਂ ਤਸਦੀਕ ਕਰਕੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ.) ਨੂੰ ਭੇਜਣਗੀਆਂ।

11.4 ਅੰਤਰ ਜਿਲ੍ਹਾ ਸਕੂਲ ਖੇਡਾਂ ਲਈ ਭੇਜੀਆਂ ਜਾਣ ਵਾਲੀਆਂ ਟੀਮਾਂ ਨੂੰ ਖਰਚਾ (ਡਾਈਟ ਮਨੀ ਅਤੇ ਆਉਣ ਜਾਣ ਦਾ ਕਿਰਾਇਆ) ਬੱਸ/ਰੇਲਵੇ ਸਹਾਇਕ ਸਿੱਖਿਆ ਅਫਸਰ ( ਖੇਡਾਂ ) ਅਡਵਾਂਸ ਦੇਣਗੇ ਅਤੇ ਇੰਨ੍ਹਾਂ ਖੇਡਾਂ 'ਤੇ ਹੋਣ ਵਾਲਾ ਖਰਚ ਜਿਲ੍ਹਾ ਪੱਧਰ ਤੇ ਇਕੱਤਰ ਕੀਤੇ ਸਪੋਰਟਸ ਫੰਡ ਵਿੱਚੋਂ ਹੀ ਕੀਤਾ ਜਾਵੇਗਾ।

11.5 ਅੰਤਰ ਰਾਸ਼ਟਰੀ ਪੱਧਰ 'ਤੇ (ਏਸ਼ੀਅਨ ਸਕੂਲ ਸਪੋਰਟਸ ਫੈਡਰੇਸ਼ਨ ਅਤੇ ਇੰਟਰ ਨੈਸ਼ਨਲ ਸਪੋਰਟਸ ਫੈਡਰੇਸ਼ਨ) ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਟੂਰਨਾਮੈਂਟ ਵਿੱਚ ਖੇਡਣ ਜਾਣ ਵਾਲੇ ਪੰਜਾਬ ਦੇ ਸਕੂਲਾਂ ਦੇ ਖਿਡਾਰੀਆਂ ਦਾ ਖਰਚਾ ਵਿਭਾਗ ਵੱਲੋਂ ਸਕੂਲਜ਼ ਗੇਮਜ਼ ਫੈਡਰੇਸ਼ਨ ਆਫ ਇੰਡੀਆ ਦੀ ਮੰਗ ਅਨੁਸਾਰ ਅਦਾ ਕੀਤਾ ਜਾਵੇਗਾ।

11.6 ਨੈਸ਼ਨਲ ਪ੍ਰੀ-ਕੋਚਿੰਗ ਕੈਂਪ/ਨੈਸ਼ਨਲ ਸਕੂਲ ਖੇਡਾਂ ਦੇ ਟ੍ਰਾਇਲ ਅਤੇ ਨੈਸ਼ਨਲ ਸਕੂਲ ਖੇਡਾਂ ਵਿੱਚ ਭਾਗ ਲੈਣ ਜਾਣ ਵਾਲੀਆਂ ਟੀਮਾਂ ਦੇ ਖਿਡਾਰੀਆਂ ਲਈ ਸਕੂਲ ਤੋਂ ਉਕਤ ਕਾਰਜਾਂ ਲਈ ਨਿਸ਼ਚਿਤ ਕੀਤੇ ਸਥਾਨਾਂ ਤੱਕ ਬਣਦਾ ਆਉਣ-ਜਾਣ ਦਾ ਕਿਰਾਇਆ ( ਬੱਸ/ਰੇਲਵੇ ) ਸਬੰਧਤ ਸਕੂਲ ਦੇ ਸਪੋਰਟਸ ਫੰਡ/ਅਮਲਗਾਮੇਟਿਡ ਫੰਡ ਵਿੱਚੋਂ ਅਦਾ ਕੀਤਾ ਜਾਵੇਗਾ।

11.7 ਅੰਤਰ ਜਿਲ੍ਹਾ/ਰਾਜ ਖੇਡਾਂ ਲਈ ਸਰੀਰਕ ਸਿੱਖਿਆ ਅਧਿਆਪਕਾਂ ਦੇ ਅੰਪਾਇਰਿੰਗ, ਕੋਚ, ਮੈਨੇਜ਼ਰਜ਼ ਅਤੇ ਟੀਮਾਂ ਦੀ ਚੋਣ ਲਈ ਜੋ ਪੈਨਲ ਤਿਆਰ ਕੀਤੇ ਜਾਣਗੇ, ਉਨ੍ਹਾਂ ਨੂੰ ਟੀ.ਏ./ਡੀ.ਏ. ਵਿਭਾਗ ਦੀਆਂ ਹਦਾਇਤਾਂ ਅਨੁਸਾਰ ਦਿੱਤਾ ਜਾਵੇਗਾ।

## 12.0 ਇਨਾਮ ਤੇ ਹੋਰ ਲਾਭ

12.1 ਪ੍ਰਾਇਮਰੀ ਸਕੂਲ ਅੰਤਰ ਜ਼ਿਲਾ ਖੇਡਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਤੇ ਆਉਣ ਵਾਲੇ ਖਿਡਾਰੀਆਂ ਨੂੰ ਸਕੂਲ ਸਿੱਖਿਆ ਵਿਭਾਗ (ਸੈ.ਸਿ) ਵਲੋ ਵੱਖ ਵੱਖ ਖੇਡਾਂ ਲਈ ਅੰਡਰ-14 ਸਾਲ ਦੇ ਰਿਹਾਇਸੀ ਖੇਡ ਹੋਸਟਲਾਂ ਵਿੱਚ ਮੈਰਿਟ ਅਨੁਸਾਰ ਪਹਿਲ ਦੇ ਅਧਾਰ 'ਤੇ ਦਾਖਲਾ ਦਿੱਤਾ ਜਾਵੇਗਾ।

Scanned by CamScanner

ਵਾਲੇ ਖੇਡ ਸੈਮੀਨਾਰਾਂ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਸਕੂਲੀ ਖੇਡਾਂ ਵਿੱਚ ਸੇਵਾਵਾਂ ਲਈਆਂ ਜਾਣਗੀਆਂ।

5.11 ਸਿੱਖਿਆ ਸੁਧਾਰ ਕਮੇਟੀਆਂ ਵਿੱਚ ਇੱਕ ਸਰੀਰਿਕ ਸਿੱਖਿਆ ਅਧਿਆਪਕ ਵੀ ਸ਼ਾਮਿਲ ਹੋਵੇਗਾ।

## 6.0 ਸਪੋਰਟਸ ਫੰਡ ਦੀ ਅਦਾਇਗੀ

6.1 ਸਪੋਰਟਸ ਫੰਡ ਪ੍ਰਤੀ ਵਿਦਿਆਰਥੀ 11 ਤੇ 12ਵੀਂ ਜਮਾਤਾਂ ਲਈ 20 ਰੁਪਏ ਪ੍ਰਤੀ ਮਹੀਨਾ ਅਤੇ 9ਵੀਂ ਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਤੋਂ 15 ਰੁਪਏ ਪ੍ਰਤੀ ਮਹੀਨਾ ਵਸੂਲਿਆਂ ਜਾਵੇਗਾ।

6.2 ਹਰੇਕ ਸਕੂਲ ਵੱਲੋਂ ਇਕੱਤਰ ਕੀਤੇ ਗਏ ਕੁੱਲ ਸਪੋਰਟਸ ਫੰਡ ਚੋਂ 85 ਫੀਸਦੀ ਹਿੱਸਾ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ 'ਚ ਜਮਾਂ ਕਰਵਾਇਆ ਜਾਵੇਗਾ। ਜਿਲ੍ਹਾ ਪੱਧਰ 'ਤੇ ਇਕੱਤਰ ਹੋਏ ਕੁੱਲ ਫੰਡ ਦਾ 65% ਹਿੱਸਾ ਹਰ ਸਾਲ ਸਟੇਟ ਹੈਡ ਕੁਆਰਟਰ 'ਤੇ ਜਮਾਂ ਕਰਵਾਇਆ ਜਾਵੇਗਾ। ਸਟੇਟ ਪੱਧਰ 'ਤੇ ਇਕੱਤਰ ਹੋਏ ਕੁੱਲ ਸਲਾਨਾ ਸਪੋਰਟਸ ਫੰਡ ਦਾ 15 ਫੀਸਦੀ ਹਿੱਸਾ ਡੀ.ਪੀ.ਆਈ. (ਐ.ਸਿੱ.) ਨੂੰ ਪ੍ਰਾਇਮਰੀ ਸਕੂਲ ਖੇਡਾਂ ਦੇ ਸੰਚਾਲਨ ਲਈ ਦਿੱਤਾ ਜਾਵੇਗਾ।

6.3 ਹਰ ਸਾਲ ਨਵਾਂ ਸ਼ੈਸ਼ਨ ਆਰੰਭ ਹੋਣ 'ਤੇ ਪਿਛਲੇ ਸ਼ੈਸ਼ਨ 'ਚ ਇਕੱਤਰ ਹੋਏ ਸਪੋਰਟਸ ਫੰਡ ਦਾ ਨਿਰਧਾਰਤ ਹਿੱਸਾ ਜਿਲ੍ਹਾ ਪੱਧਰ 'ਤੇ ਸਕੂਲਾਂ ਵੱਲੋਂ 10 ਅਪ੍ਰੈਲ ਤੱਕ ਜਮਾਂ ਕਰਵਾਇਆ ਜਾਵੇਗਾ ਅਤੇ ਵੱਖ-ਵੱਖ ਜਿਲ੍ਹਿਆਂ ਵੱਲੋਂ ਸਟੇਟ ਹੈਡਕੁਆਰਟਰ ਨੂੰ ਸਪੋਰਟਸ ਫੰਡ ਦਾ ਨਿਰਧਾਰਤ ਹਿੱਸਾ 20 ਅਪ੍ਰੈਲ ਤੱਕ ਲਾਜ਼ਮੀ ਜਮਾਂ ਕਰਵਾਇਆ ਜਾਵੇਗਾ।

6.4 ਸਪੋਰਟਸ ਫੰਡ ਨਿਰਧਾਰਤ ਸਮੇਂ 'ਤੇ ਦੇਣ ਵਾਲੇ ਸਰਕਾਰੀ/ਪ੍ਰਾਈਵੇਟ/ਏਡਿਡ/ਅਨ-ਏਡਿਡ/ਮਾਨਤਾ ਪ੍ਰਾਪਤ ਸਕੂਲਾਂ ਦੇ ਖਿਡਾਰੀ ਹੀ ਖੇਡਾਂ ਵਿੱਚ ਭਾਗ ਲੈ ਸਕਣਗੇ। ਜਿਸ ਜਿਲ੍ਹੇ ਦੇ ਕਿਸੇ ਵੀ ਸਕੂਲ ਦੇ ਖਿਡਾਰੀ ਬਗੈਰ ਸਪੋਰਟਸ ਫੰਡ ਦਿੱਤੇ ਖੇਡਣਗੇ। ਉਸ ਜਿਲ੍ਹੇ ਦੇ ਸਹਾਇਕ ਸਿੱਖਿਆ ਅਫ਼ਸਰ (ਖੇਡਾਂ) ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ 1970 ਵਿੱਚ ਉਪਬੰਧ ਅਨੁਸਾਰ ਅਨੁਸ਼ਾਸ਼ਨੀ ਕਾਰਵਾਈ ਆਰੰਭੀ ਜਾਵੇਗੀ।

6.5 ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪ੍ਰਾਈਵੇਟ/ਏਡਿਡ/ਅਨ-ਏਡਿਡ/ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪ੍ਰੀਖਿਆ ਸੈਂਟਰ ਬਣਾਉਣ ਤੋਂ ਪਹਿਲਾ ਸਪੋਰਟਸ ਫੰਡ ਦੀ ਰਸੀਦ ਚੈਕ ਕਰਨੀ ਲਾਜ਼ਮੀ ਹੋਵੇਗੀ।

6.6 ਸਿੱਖਿਆ ਵਿਭਾਗ ਵੱਲੋਂ ਜਦੋਂ ਨਵੇਂ ਸਕੂਲਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਾਂ ਕੋਈ ਇਤਰਾਜ਼ ਨਹੀਂ (ਨੋ ਆਬਜੈਕਸ਼ਨ ਸਰਟੀਫਿਕੇਟ) ਦਿੱਤਾ ਜਾਂਦਾ ਹੈ ਤਾਂ ਉਸ ਸਕੂਲ ਕੋਲ ਘੱਟੋਂ-ਘੱਟ 200 ਮੀਟਰ ਦਾ ਟਰੈਕ, ਫੁੱਟਬਾਲ ਵਾਲੀਵਾਲ, ਖੋ-ਖੋ, ਕਬੱਡੀ ਆਦਿ ਦੇ ਗਰਾਉਂਡ ਬਣੇ ਹੋਣੇ ਚਾਹੀਦੇ ਹਨ।

6.7 ਸੈਂਟਰ, ਬਲਾਕ, ਜੋਨਲ ਅਤੇ ਜਿਲ੍ਹਾ ਪੱਧਰ ਤੱਕ ਦੇ ਖੇਡ ਮੁਕਾਬਲੇ ਨਾਕ-ਆਊਟ ਵਿਧੀ ਰਾਹੀਂ ਕਰਵਾਏ ਜਾਣਗੇ। ਅੰਤਰ ਜਿਲ੍ਹਾ ਖੇਡ ਮੁਕਾਬਲੇ (ਕੇਵਲ ਕ੍ਰਿਕਟ ਖੇਡ ਨੂੰ ਛੱਡ ਕੇ) ਲੀਗ ਕਮ ਨਾਕ-ਆਊਟ ਵਿੱਧੀ ਰਾਹੀਂ ਕਰਵਾਏ ਜਾਣਗੇ।

6.8 ਖਿਡਾਰੀ ਇਕ ਸਾਲ ਵਿਚ 1 ਖੇਡ ਅਤੇ ਅਥਲੈਟਿਕਸ ਵਿੱਚ ਦੋ ਈਵੈਂਟ ਅਤੇ ਰਿਲੇਅ ਰੇਸ ਵਿੱਚ ਭਾਗ ਲੈ ਸਕੇਗਾ। ਅੰਤਰ ਜਿਲਾ ਖੇਡ ਮੁਕਾਬਲੇ ਨਾਕਆਊਟ ਵਿੱਧੀ ਰਾਹੀਂ ਕਰਵਾਏ ਜਾਣਗੇ।

Scanned by CamScanner

26.2 ਇੰਨ੍ਹਾਂ ਸਮਾਗਮਾਂ ਸਬੰਧੀ ਮੀਡੀਆ 'ਚ ਖਬਰਾਂ ਪ੍ਰਕਾਸ਼ਿਤ/ਪ੍ਰਸਾਰਿਤ ਕਰਵਾਈਆਂ ਜਾਣ।

## 27.0 ਖੇਡ ਨਿਯਮਾਂਵਲੀ ਤੇ ਰਿਫਰੈਸ਼ਰ ਕੋਰਸ

27.1 ਪ੍ਰਾਇਮਰੀ ਪੱਧਰ ਤੇ ਕਰਵਾਈਆਂ ਜਾਣ ਵਾਲੀਆਂ ਖੇਡਾਂ ਲਈ ਨਿਯਮਾਂ ਸਬੰਧੀ ਇੱਕ ਕਿਤਾਬਚਾ ਮਾਹਿਰਾਂ ਦੁਆਰਾ ਤਿਆਰ ਕਰਵਾਕੇ ਸਕੂਲਾਂ ਵਿੱਚ ਭੇਜਿਆ ਜਾਵੇਗਾ।

27.2 ਪ੍ਰਾਇਮਰੀ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਵੱਖ-ਵੱਖ ਖੇਡਾਂ ਬਾਰੇ ਜਾਣਕਾਰੀ ਲਈ ਜ਼ਿਲਾ ਪੱਧਰ ਤੇ ਫਿਜੀਕਲ ਅਧਿਆਪਕਾਂ ਦੇ ਰਿਸੋਰਸ ਗਰੁੱਪਾ ਰਾਹੀਂ ਤਿੰਨ ਤੋਂ ਪੰਜ ਦਿਨਾਂ ਦੀ ਸਿਖਲਾਈ ਦਿੱਤੀ ਜਾਵੇਗੀ।

27.3 ਪ੍ਰਾਇਮਰੀ ਸਕੂਲ ਦੇ ਅਧਿਆਪਕ ਜੋ ਕਿ ਵੱਖ-ਵੱਖ ਖੇਡਾਂ ਵਿੱਚ ਵਿਸ਼ੇਸ ਦਿਲਚਸਪੀ ਰੱਖਦੇ ਹਨ ਉਨਾਂ ਨੂੰ ਐਨ.ਆਈ.ਐਸ ਤੋ ਵੱਖ-ਵੱਖ ਖੇਡਾਂ ਵਿੱਚ ਸਰਟੀਫਿਕੇਟ ਕੋਰਸ ਕਰਵਾ ਕੇ ਨਿਪੁੰਨ ਕੀਤਾ ਜਾਵੇਗਾ।

27.4 ਰਾਜ ਦੇ ਸਾਰੇ ਸਕੂਲਾਂ ਵਿੱਚ ਕੰਪਿਊਟਰ ਸੇਵਾਵਾਂ ਉਪਲੱਬਧ ਹਨ। ਬੱਚਿਆਂ ਨੂੰ ਖੇਡ ਮੁਕਾਬਲਿਆਂ ਦੀਆਂ ਸੀ.ਡੀ. ਕੰਪਿਊਟਰ ਰਾਹੀਂ ਦਿਖਾਈਆਂ ਜਾਣਗੀਆਂ। ਅਜਿਹਾ ਕਰਨ ਨਾਲ ਬੱਚਿਆਂ ਦਾ ਖੇਡ ਪ੍ਰਤੀ ਅਤੇ ਸਰੀਰਕ ਫਿਟਨੈਂਸ ਪ੍ਰਤੀ ਰੁਝਾਨ ਵਧੇਗਾ।

27.5 ਵੱਖ-ਵੱਖ ਖੇਡਾਂ ਦੇ ਨਿਯਮਾਂ ਵਿੱਚ ਸਮੇਂ-ਸਮੇਂ ਤੇ ਹੋਈਆਂ ਤਬਦੀਲੀਆਂ ਸਬੰਧੀ ਸਰਕੂਲਰ ਐਨ.ਆਈ.ਐਸ. ਪਟਿਆਲਾ ਤੋਂ ਪ੍ਰਾਪਤ ਕਰਕੇ ਸਕੂਲ ਪੱਧਰ ਤੱਕ ਭੇਜੇ ਜਾਣਗੇ।

27.6 50 ਸਾਲ ਤੋਂ ਘੱਟ ਉਮਰ ਦੇ ਸਰੀਰਕ ਸਿੱਖਿਆ ਅਧਿਆਪਕਾਂ ਨੂੰ ਉਨ੍ਹਾਂ ਦੀ ਆਪਣੀ ਸਪੈਸ਼ਲਾਈਜ਼ ਖੇਡ ਵਿੱਚ ਐਨ.ਆਈ.ਐਸ. ਜਾਂ ਉਸ ਪੱਧਰ ਦੀ ਸੰਸਥਾ ਤੋਂ ਸਰਟੀਫਿਕੇਟ ਕੋਰਸ ਕਰਵਾਏ ਜਾਣਗੇ।

27.7 ਜਿਲ੍ਹਾ ਅਤੇ ਅੰਤਰ ਜਿਲ੍ਹਾ ਸਪੋਰਟਸ ਰਿਸੋਰਸ ਗਰੁੱਪ ਬਣਾਏ ਜਾਣਗੇ।

27.8 ਹਰੇਕ ਸਾਲ ਲੈਕਚਰਾਰ (ਫਿਜੀ.ਐਜੂ), ਡੀ.ਪੀ.ਈ., ਪੀ.ਟੀ.ਆਈ. ਦੇ ਉਨ੍ਹਾਂ ਨਾਲ ਸਬੰਧਤ ਖੇਡ ਦੇ ਤਿੰਨ ਦਿਨਾਂ ਦੇ ਰਿਫਰੈਸ਼ਰ ਕੋਰਸ/ਸੈਮੀਨਾਰ ਲਗਾਏ ਜਾਣਗੇ ਅਤੇ ਜਿਹੜੇ ਪ੍ਰਾਇਮਰੀ ਅਧਿਆਪਕ ਖੇਡ ਸਰਗਰਮੀਆਂ ਵਧੀਆ ਢੰਗ ਨਾਲ ਚਲਾ ਰਹੇ ਹਨ ਉਹਨਾਂ ਦੇ ਤਿੰਨ ਦਿਨਾਂ ਖੇਡ ਸਰਗਰਮੀਆਂ ਦੇ ਸਿਖਲਾਈ ਕੈਂਪ,ਖੇਡ ਮਾਹਿਰਾਂ ਰਾਹੀਂ ਸੈਸ਼ਨ (ਵਿਦਿਅਕ ਵਰੇ) ਦੀ ਸੁਰੂਆਤ ਵਿੱਚ ਲਗਾਏ ਜਾਣਗੇ।

27.9 ਜੇ ਕੋਈ ਵੀ ਸਰੀਰਿਕ ਸਿੱਖਿਆ ਅਧਿਆਪਕ ਆਪਣੀ ਮੁਹਾਰਤ (ਸਪੈਸ਼ਲਾਈਜੇਸ਼ਨ) ਵਾਲੀ ਖੇਡ ਤੋਂ ਬਿਨਾ ਕੋਈ ਹੋਰ ਖੇਡ ਆਪਣੇ ਸਕੂਲ 'ਚ ਚਾਲੂ ਕਰਨੀ ਚਾਹੁੰਦਾਹੈ ਤਾਂ ਉਸ ਨੂੰ ਸਬੰਧਤ ਖੇਡ ਦਾ ਸਰਟੀਫਿਕੇਟ ਕੋਰਸ ਐਨ.ਆਈ.ਐਸ. ਵਰਗੀ ਮਿਆਰੀ ਸੰਸਥਾ 'ਚ ਸਿੱਖਿਆ ਵਿਭਾਗ ਵਲੋਂ ਕਰਵਾਇਆ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਐਲੀ:ਸਿ:)
ਪੰਜਾਬ।

1151

X-3
D.
11/03/20

ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਐਲੀ:ਸਿ:)ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8, ਐਸ.ਏ.ਐਸ. ਨਗਰ
(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ:)
ਪੰਜਾਬ ।

6040
11/3/20

ਮੀਮੋ ਨੰ:12/2-2015 ਸਪੋਰਟਸ ਕਮੇਟੀ
ਮਿਤੀ,ਐਸ.ਏ.ਐਸ.ਨਗਰ:9-03-2020

ਵਿਸ਼ਾ : ਸਾਲ 2018-19 ਦੌਰਾਨ ਸਪੋਰਟਸ ਫੰਡ ਇਕੱਠਾ ਕਰਨ ਸਬੰਧੀ।

ਸਪੋਰਟਸ ਪਾਲਿਸੀ ਮਿਤੀ 12-6-18 ਦੇ ਪੰਨਾ ਨੰ:10 ਦੇ ਨੁਕਤਾ ਨੰ:6.2 ਅਨੁਸਾਰ ਹਰੇਕ ਸਕੂਲ ਵੱਲੋਂ ਇਕੱਤਰ ਕੀਤੇ ਗਏ ਸਪੋਰਟਸ ਫੰਡ ਦਾ 85 ਫੀਸਦੀ ਹਿੱਸਾ ਜਿਲਾ ਸਿੱਖਿਆ ਅਫਸਰ ਦੇ ਦਫਤਰ ਵਿਚ ਜਮ੍ਹਾਂ ਕਰਵਾਇਆ ਜਾਵੇ ਅਤੇ ਜਿਲਾ ਪੱਧਰ ਤੇ ਇਕੱਤਰ ਹੋਏ ਕੁੱਲ ਫੰਡ ਦਾ 65% ਹਿੱਸਾ ਹਰ ਸਾਲ ਸਟੇਟ ਹੈਡ ਕੁਆਟਰ ਵਿਖੇ ਜਮ੍ਹਾਂ ਕਰਵਾਇਆ ਜਾਵੇ।ਸਪੋਰਟਸ ਫੰਡ ਪਾਲਿਸੀ ਦੇ ਨੁਕਤਾ ਨੰ: 6.4 ਅਨੁਸਾਰ ਪ੍ਰਾਈਵੇਟ/ਏਡਿਡ/ ਅਨ-ਏਡਿਡ/ਮਾਨਤਾ ਪ੍ਰਾਪਤ ਸਾਰੇ ਸਕੂਲਾਂ ਤੋਂ ਇਕੱਤਰ ਕੀਤਾ ਜਾਵੇ ।

ਇਸ ਲਈ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਸਪੋਰਟਸ ਫੰਡ ਪ੍ਰਾਇਵੇਟ ਸਕੂਲਾਂ ਤੋਂ ਵੀ ਲਿਆ ਜਾਣਾ ਹੈ। ਇਸ ਮੰਤਵ ਲਈ ਸਬੰਧਤ ਜਿਲੇ ਦਾ ਏ.ਈ.ਓ.(ਖੇਡਾਂ)ਜਿੰਮੇਵਾਰ ਹੋਵੇਗਾ।

ਡਿਪਟੀ ਡਾਇਰੈਕਟਰ(ਫਿਜੀ:ਐਜੂ:)